# ਕਾਮਾਗਾਟਾ ਮਾਰੂ ਦਾ ਸਾਕਾ
## ਘਟਨਾਵਾਂ ਦੀ ਲੜੀ

(ਤਿਆਰ ਕਰਤਾ: ਸੁਖਵੰਤ ਹੁੰਦਲ ਅਤੇ ਅਮਨਪਾਲ ਸਾਰਾ)



(ਕਾਮਾਗਾਟਾਮਾਰੂ ਦੇ ਮੁਸਾਫਰ)

**ਸੰਨ 1914**

| | |
|---|---|
| ਮਾਰਚ 24 | ਗੁਰਦਿੱਤ ਸਿੰਘ ਨੇ ਜਹਾਜ਼ ਦੇ ਕਿਰਾਏਨਾਮੇ ਉੱਪਰ ਦਸਤਖਤ ਕੀਤੇ। |
| ਮਾਰਚ 25 | ਹਾਂਗਕਾਂਗ ਪੁਲਿਸ ਵਲੋਂ ਗੁਰਦਿੱਤ ਸਿੰਘ ਉੱਪਰ ਗੈਰ-ਕਾਨੂੰਨੀ ਸਫਰ ਲਈ ਟਿਕਟਾਂ ਵੇਚਣ ਦੇ ਦੋਸ਼ ਲਾਏ ਗਏ। |
| ਮਾਰਚ 30 | ਗੁਰਦਿੱਤ ਸਿੰਘ ਉੱਪਰ ਲਾਏ ਦੋਸ਼ ਵਾਪਿਸ ਲੈ ਲਏ ਗਏ। ਹਾਂਗਕਾਂਗ ਦੇ ਗਵਰਨਰ ਜਨਰਲ ਐਫ.ਡਬਲਿਉ. ਮੇਅ ਨੇ ਕੈਨੇਡੀਅਨ ਸਰਕਾਰ ਨੂੰ ਤਾਰ ਦਿੱਤੀ ਕਿ 150 ਸਿੱਖਾਂ ਨੇ ਹਾਂਗਕਾਂਗ ਤੋਂ ਬ੍ਰਿਟਿਸ਼ ਕੋਲੰਬੀਆ ਲਈ ਸਟੀਮਰ ਕਿਰਾਏ ਉੱਪਰ ਲੈ ਲਿਆ ਹੈ। ਇਨ੍ਹਾਂ ਕੋਲ ਇੰਡੀਆ ਤੋਂ ਕੈਨੇਡਾ ਤੱਕ ਦਾ ਸਿੱਧਾ ਟਿਕਟ ਨਹੀਂ ਹੈ। |
| ਅਪ੍ਰੈਲ 2 | ਉਪਰ ਵਰਗੀ ਇਕ ਹੋਰ ਤਾਰ ਕੈਨੇਡੀਅਨ ਸਰਕਾਰ ਨੂੰ ਭੇਜੀ ਗਈ। |
| ਅਪ੍ਰੈਲ 4 | ਕੈਨੇਡੀਅਨ ਸਰਕਾਰ ਵਲੋਂ ਕੋਈ ਜੁਆਬ ਨਾ ਆਉਣ ਤੇ ਹਾਂਗਕਾਂਗ ਦੇ ਗਵਰਨਰ ਨੇ ਜਹਾਜ਼ ਨੂੰ ਤੁਰਨ ਦੀ ਇਜਾਜ਼ਤ ਦੇ ਦਿੱਤੀ ਅਤੇ ਕਾਮਾਗਾਟਾ ਮਾਰੂ 165 ਮੁਸਾਫਰਾਂ ਸਮੇਤ ਉਥੋਂ ਚੱਲ ਪਿਆ। |
| ਅਪ੍ਰੈਲ 6 | ਹਾਂਗਕਾਂਗ ਦੇ ਗਵਰਨਰ ਜਨਰਲ ਨੇ ਕੈਨੇਡੀਅਨ ਸਰਕਾਰ ਨੂੰ ਸੂਚਨਾ ਭੇਜੀ ਕਿ ਜਹਾਜ਼ ਕੈਨੇਡਾ ਲਈ ਚੱਲ ਪਿਆ। |
| ਅਪ੍ਰੈਲ 7 | ਕੈਨੇਡੀਅਨ ਸਰਕਾਰ ਦਾ ਜੁਆਬ ਆਇਆ ਕਿ ਜਹਾਜ਼ ਨੂੰ ਕੈਨੇਡਾ ਵਿਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। |
| ਅਪ੍ਰੈਲ 8 | ਕਾਮਾਗਾਟਾ ਮਾਰੂ ਸ਼ੰਘਾਈ ਪਹੁੰਚ ਗਿਆ। |
| ਅਪ੍ਰੈਲ 15 | 111 ਹੋਰ ਮੁਸਾਫਰ ਲੈ ਕੇ ਕਾਮਾਗਾਟਾ ਮਾਰੂ ਸ਼ੰਘਾਈ ਤੋਂ ਤੁਰ ਪਿਆ। |
| ਅਪ੍ਰੈਲ 19 | ਕਾਮਾਗਾਟਾ ਮਾਰੂ ਜਾਪਾਨ ਦੀ ਬੰਦਰਗਾਹ ਮੋਜੀ ਆ ਰੁਕਿਆ। ਏਥੇ ਜਹਾਜ਼ ’ਤੇ 86 ਮੁਸਾਫਰ ਹੋਰ ਚੜ੍ਹੇ। |
| ਮਈ 2 | ਕਾਮਾਗਾਟਾ ਮਾਰੂ ਜਾਪਾਨ ਦੀ ਬੰਦਰਗਾਹ ਯੋਕੋਹਾਮਾ ਤੋਂ ਵਿਕਟੋਰੀਆ ਲਈ ਰਵਾਨਾ ਹੋ ਗਿਆ। ਯੋਕੋਹਾਮਾ ਵਿਚ ਜਹਾਜ਼ ਉੱਪਰ 11 ਮੁਸਾਫਰ ਹੋਰ ਚੜ੍ਹੇ। ਹੁਣ ਮੁਸਾਫਰਾਂ ਦੀ ਕੁਲ ਗਿਣਤੀ 376 ਹੋ ਗਈ ਸੀ। ਇਨ੍ਹਾਂ ਵਿਚੋਂ 24 ਮੁਸਲਮਾਨ, 12 ਹਿੰਦੂ ਅਤੇ 340 ਸਿੱਖ ਸਨ। |
| ਮਈ 20 | ਬਲਵੰਤ ਸਿੰਘ ਖੁਰਦਪੁਰ, ਜੋ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਮੋਜੀ ਵਿਚ ਮਿਲਿਆ ਸੀ, ਵਿਕਟੋਰੀਆ ਪਹੁੰਚ ਗਿਆ। ਵਿਕਟੋਰੀਆ ਵਿਚ ਉਹ ਗੁਰਦੁਆਰੇ ਬੋਲਿਆ ਅਤੇ ਫਿਰ ਵੈਨਕੂਵਰ ਆ ਗਿਆ। |
| ਮਈ 22 | ਕਾਮਾਗਾਟਾ ਮਾਰੂ ਵਿਕਟੋਰੀਆ ਪਹੁੰਚ ਗਿਆ ਅਤੇ ਇਥੇ ਇਕ ਰਾਤ ਰੁਕਿਆ। |
| ਮਈ 23 | ਕਾਮਾਗਾਟਾ ਮਾਰੂ ਨੇ ਵੈਨਕੂਵਰ ਪਹੁੰਚ ਬੁਰਾਡ ਇਨਲੈਟ ਵਿਚ ਲੰਗਰ ਸੁੱਟ ਦਿੱਤਾ। |

| | |
|---|---|
| ਮਈ 24 | ਰਹੀਮ ਅਤੇ ਹੋਰ ਸਥਾਨਕ ਹਿੰਦੁਸਤਾਨੀਆਂ ਦੀ ਕਮੇਟੀ ਵਲੋਂ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਲਈ ਕੀਤੇ ਵਕੀਲ ਜੇ.ਐਡਵਰਡ ਬਰਡ ਨੇ ਇਮੀਗਰੇਸ਼ਨ ਇਨਸਪੈਕਟਰ ਰੀਡ ਕੋਲੋਂ ਜਹਾਜ਼ ਉੱਪਰ ਜਾ ਆਪਣੇ ਮੁਵੱਕਲ ਗੁਰਦਿੱਤ ਸਿੰਘ ਨੂੰ ਮਿਲਣ ਦੀ ਇਜਾਜ਼ਤ ਮੰਗੀ। ਇਜਾਜ਼ਤ ਨਹੀਂ ਦਿੱਤੀ ਗਈ। |
| ਮਈ 30 | ਸਥਾਨਕ ਹਿੰਦੁਸਤਾਨੀਆਂ ਨੇ 337 ਵੈਸਟ ਪੈਂਡਰ ਸਟਰੀਟ ਉੱਪਰ ਸਥਿਤ ਡੁਮੀਨਿਅਨ ਹਾਲ ਵਿਚ ਇਕ ਮੀਟਿੰਗ ਸੱਦੀ। ਇਸ ਮੀਟਿੰਗ ਵਿਚ 500-600 ਹਿੰਦੁਸਤਾਨੀ, 20 ਗੋਰੇ, ਕੁਝ ਪੱਤਰਕਾਰ ਅਤੇ ਹਾਪਕਿਨਸਨ ਵੀ ਹਾਜ਼ਰ ਹੋਇਆ। ਇਸ ਮੀਟਿੰਗ ਵਿਚ 5000 ਡਾਲਰ ਨਗਦ ਇਕੱਠਾ ਹੋਇਆ ਅਤੇ 66000 ਡਾਲਰ ਦੇਣ ਦਾ ਲੋਕਾਂ ਵਲੋਂ ਵਾਅਦਾ ਕੀਤਾ ਗਿਆ। |
| ਜੂਨ 4 | ਆਪਣੇ ਨਾਲ ਹੁੰਦੀ ਬਦਸਲੂਕੀ ਵਿਰੁੱਧ ਰੋਸ ਜ਼ਾਹਰ ਕਰਨ ਲਈ ਗੁਰਦਿੱਤ ਸਿੰਘ ਅਤੇ ਮੁਸਾਫਰਾਂ ਨੇ ਭੁੱਖ ਹੜਤਾਲ ਕਰ ਦਿੱਤੀ। |
| | ਵਕੀਲ ਬਰਡ ਗੁਰਦਿੱਤ ਸਿੰਘ ਨੂੰ ਇਮੀਗਰੇਸ਼ਨ ਅਧਿਕਾਰੀਆਂ ਦੀ ਮੌਜੂਦਗੀ ਵਿਚ ਮਿਲਿਆ। |
| ਜੂਨ 6 | ਗੁਰਦਿੱਤ ਸਿੰਘ ਨੇ ਗਵਰਨਰ ਜਨਰਲ ਨੂੰ ਲਿਖਿਆ, ''ਚਾਰ ਦਿਨਾਂ ਤੋਂ ਖਾਣ ਪੀਣ ਲਈ ਕੁਝ ਨਹੀਂ। ਰੀਡ ਕੁਝ ਵੀ ਰਸਦ ਦੇਣ ਤੋਂ ਇਨਕਾਰੀ ਹੈ। ਕਿਰਾਏਦਾਰ ਅਤੇ ਮੁਸਾਫਰ ਭੁੱਖੇ ਭਾਣੇ ਕੈਦੀ ਬਣੇ ਹੋਏ ਹਨ।'' |
| ਜੂਨ 8 | ਭੁੱਖ ਹੜਤਾਲ ਖਤਮ ਕਰ ਦਿੱਤੀ ਗਈ। |
| ਜੂਨ 10 | ਰਹੀਮ ਨੇ ਗਾਰਡਨਰ ਜੋਹਨਸਨ ਨੂੰ 11000 ਡਾਲਰ ਦਾ ਚੈੱਕ ਪੇਸ਼ ਕੀਤਾ ਅਤੇ ਕਿਹਾ ਕਿ ਉਹ ਮੁਕੰਮਲ ਕਿਰਾਇਆ ਦੇ ਦੇਵੇਗਾ ਜੇ ਜਹਾਜ਼ ਦਾ ਕਿਰਾਏਨਾਮਾ ਉਸ ਦੇ ਨਾਂ ਤਬਦੀਲ ਕਰ ਦਿੱਤਾ ਜਾਵੇ। ਇਹ ਪ੍ਰਸਤਾਵ ਮਾਲਕਾਂ ਨੂੰ ਭੇਜ ਦਿੱਤਾ ਗਿਆ। |
| ਜੂਨ 11 | ਸਥਾਨਕ ਹਿੰਦੁਸਤਾਨੀਆਂ ਦੀ ਕਮੇਟੀ ਨੇ ਕਈ ਟਨ ਖਾਣਾ ਕਾਮਾਗਾਟਾ ਮਾਰੂ ਲਈ ਭੇਜਿਆ। |
| | ਰੀਡ ਨੇ ਇਨਕੁਆਰੀ ਬੋਰਡ ਦੀਆਂ ਮੀਟਿੰਗਾਂ ਬਰਖਾਸਤ ਕਰ ਦਿੱਤੀਆਂ। ਬਹਾਨਾ ਇਹ ਲਾਇਆ ਕਿ ਸਟਾਫ ਦੀ ਦਫਤਰ ਦੇ ਨਿੱਤਕਰਮੀ ਕੰਮ ਵਿਚ ਲੋੜ ਹੈ। |
| ਜੂਨ 18 | ਜਹਾਜ਼ ਦੇ ਮਾਲਕਾਂ ਨੇ ਹੁਕਮ ਕੀਤਾ ਕਿ ਜੇ 24 ਘੰਟਿਆਂ ਦੇ ਅੰਦਰ ਅੰਦਰ ਦੋ ਮਹੀਨਿਆਂ ਦਾ ਕਿਰਾਇਆ ਨਾ ਦਿੱਤਾ ਗਿਆ ਤਾਂ ਜਹਾਜ ਵਾਪਸ ਸੱਦ ਲਿਆ ਜਾਵੇਗਾ। |
| ਜੂਨ 20 | ਰਹੀਮ ਅਤੇ ਭਾਗ ਸਿੰਘ ਨੇ ਗਾਰਡਨਰ ਜਾਹਨਸਨ ਨੂੰ 4000 ਡਾਲਰ ਹੋਰ ਅਦਾ ਕੀਤੇ ਅਤੇ ਐਲਾਨ ਕੀਤਾ ਕਿ ਹੁਣ ਤੋਂ ਜਹਾਜ਼ ਦੇ ਕਿਰਾਏਦਾਰ ਉਹ ਹਨ। |
| ਜੂਨ 21 | ਖਾਲਸਾ ਦੀਵਾਨ ਸੁਸਾਇਟੀ ਅਤੇ ਯੁਨਾਈਟਡ ਇੰਡੀਆ ਲੀਗ ਨੇ ਕਾਮਾਗਾਟਾ ਮਾਰੂ ਦੀ ਮੱਦਦ ਲਈ ਡੁਮੀਨਿਅਨ ਹਾਲ ਵਿਚ ਇਕ ਹੋਰ ਮੀਟਿੰਗ ਕੀਤੀ। ਇਸ ਮੀਟਿੰਗ ਵਿਚ 400 ਹਿੰਦੁਸਤਾਨੀ ਅਤੇ 125 ਗੋਰੇ ਸ਼ਾਮਲ ਹੋਏ। ਵਕੀਲ ਬਰਡ ਮੀਟਿੰਗ ਦਾ ਮੁੱਖ ਬੁਲਾਰਾ ਸੀ। |
| ਜੂਨ 23 | ਕਾਮਾਗਾਟਾ ਮਾਰੂ ਦੇ ਵਿਰੋਧੀਆਂ ਵਲੋਂ ਡੁਮੀਨਿਅਨ ਹਾਲ ਵਿਚ ਇਕ ਮੀਟਿੰਗ ਕੀਤੀ ਗਈ. ਪਾਰਲੀਮੈਂਟ ਦਾ ਮੈਂਬਰ ਹੈਰੀ ਸਟੀਵਨਜ਼ ਮੀਟਿੰਗ ਦਾ ਮੁੱਖ ਬੁਲਾਰਾ ਸੀ। ਹਿੰਦੁਸਤਾਨੀਆਂ ਦੀ ਇਕ ਟੋਲੀ ਦਰਵਾਜੇ ਤੋਂ ਵਾਪਸ ਕਰ ਦਿੱਤੀ ਗਈ। ਜਦੋਂ ਰਹੀਮ ਨੇ ਬਾਲਕੋਨੀ ਵਿਚੋਂ ਬੋਲਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਪੁਲਿਸ ਨੇ ਬਾਹਰ ਕੱਢ ਦਿੱਤਾ। |
| | ਜਹਾਜ਼ ਉੱਪਰ ਮੁਸਾਫਰਾਂ ਨੇ ਜਹਾਜ਼ ਕਮੇਟੀ ਕਾਇਮ ਕੀਤੀ। |
| ਜੂਨ 24 | ਮੈਲਕਮ ਰੀਡ ਨੇ 11 ਵਜੇ ਜਾਣ ਵਾਲੇ ਜਹਾਜ਼ ਇੰਪ੍ਰੈਸ ਵਿਚ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਜ਼ਬਰਦਸਤੀ ਭੇਜਣ ਦੀ ਇਜਾਜ਼ਤ ਲੈਣ ਲਈ ਓਟਵਾ ਨੂੰ ਤਾਰ ਦਿੱਤੀ। ਪ੍ਰਧਾਨ ਮੰਤਰੀ ਨੇ ਉਸ ਦਾ ਇਹ ਪ੍ਰਸਤਾਵ ਰੱਦ ਕਰ ਦਿੱਤਾ। |
| ਜੂਨ 25 | ਇਕ ਟੈਸਟ ਕੇਸ ਵਜੋਂ ਮੁਨਸ਼ੀ ਸਿੰਘ ਇਨਕੁਆਰੀ ਬੋਰਡ ਦੇ ਸਾਹਮਣੇ ਪੇਸ਼ ਹੋਇਆ। ਮੈਲਕਮ ਰੀਡ, ਇਨਸਪੈਕਟਰ ਹਾਵਰਡ ਅਤੇ ਈਲੀਅਟ ਇਨਕੁਆਰੀ ਬੋਰਡ ਦੀ ਪੈਨਲ ਦੇ ਮੈਂਬਰ ਸਨ। ਮੁਨਸ਼ੀ ਸਿੰਘ ਦੀ ਅਰਜ਼ੀ ਨੂੰ ਰੱਦ ਕਰਨ ਅਤੇ ਉਸ ਨੂੰ ਦੇਸ਼ ਨਿਕਾਲਾ ਦੇਣ ਦਾ ਮਤਾ ਝਟਪਟ ਪਾਸ ਕਰ ਦਿੱਤਾ ਗਿਆ। ਵਕੀਲ ਬਰਡ ਅਪੀਲ ਕੋਰਟ ਲਈ ਤਿਆਰੀ ਕਰਨ ਲਈ ਵਿਕਟੋਰੀਆ ਨੂੰ ਚਲੇ ਗਿਆ। |
| | ਮੁਸਾਫਰਾਂ ਨੇ ਗਵਰਨਰ ਜਨਰਲ ਨੂੰ ਤਾਰ ਦਿੱਤੀ, ''ਇਮੀਗਰੇਸ਼ਨ ਮਹਿਕਮੇ ਨੂੰ ਪਾਣੀ ਲਈ ਕਿੰਨੀਆਂ ਹੀ ਬੇਨਤੀਆਂ ਕੀਤੀਆਂ ਹਨ। ਪਰ ਉਨ੍ਹਾਂ ਦਾ ਕੋਈ ਫਾਇਦਾ ਨਹੀਂ ਹੋਇਆ। ਇਸ ਭੈੜੇ ਸਲੂਕ ਨਾਲੋਂ ਤਾਂ ਗੋਲੀ ਮਾਰ ਦੇਣੀ ਚੰਗੀ ਹੈ।'' |
| ਜੂਨ 27 | ਗਾਰਡਨਰ ਜਾਹਨਸਨ ਨੇ ਰਹੀਮ ਦੇ ਅਦਾਇਗੀ ਦੇ ਵਾਅਦੇ ਉੱਪਰ 103 ਟਨ ਪਾਣੀ ਮੁਹੱਈਆ ਕੀਤਾ। |
| ਜੂਨ 29-30 | ਅਪੀਲ ਕੋਰਟ ਵਿਚ ਮੁਨਸ਼ੀ ਸਿੰਘ ਦੇ ਕੇਸ ਦੀ ਸੁਣਵਾਈ ਹੋਈ। ਫੈਸਲਾ 6 ਜੁਲਾਈ ਤੱਕ ਰਾਖਵਾਂ ਰੱਖ ਲਿਆ ਗਿਆ। |
| ਜੁਲਾਈ 6 | ਅਪੀਲ ਕੋਰਟ ਨੇ ਇਮੀਗਰੇਸ਼ਨ ਐਕਟ ਅਤੇ ਕਾਉਂਸਲ ਦੇ ਆਰਡਰ ਨੂੰ ਬਰਕਰਾਰ ਕਰਾਰ ਦਿੱਤਾ। ਮੁਨਸ਼ੀ ਸਿੰਘ ਦੀ ਅਪੀਲ ਰੱਦ ਕਰ ਦਿੱਤੀ ਗਈ। |

ਜਹਾਜ਼ ਵਿਚੋਂ ਉੱਤਰੇ ਪੰਜ ਮੁਸਾਫਰਾਂ ਨੂੰ ਵਾਪਿਸ ਚੜ੍ਹਾ ਲਿਆ ਗਿਆ।

ਜੁਲਾਈ 7 ਗੁਰਦਿੱਤ ਸਿੰਘ ਅਤੇ ਜਹਾਜ਼ ਕਮੇਟੀ ਨੇ ਬਰਡ ਨੂੰ ਲਿਖਿਆ, ''ਅਸੀਂ ਤੁਹਾਨੂੰ ਸਭ ਮੁਸਾਫਰਾਂ ਲਈ ਇਨਕੁਆਰੀ ਬੋਰਡ ਦੀ ਸੁਣਵਾਈ ਨੂੰ ਵਾਪਿਸ ਲੈਣ ਅਤੇ ਕਾਮਾਗਾਟਾ ਮਾਰੂ ਦੀ ਹਾਂਗਕਾਂਗ ਲਈ ਵਾਪਸੀ ਸਬੰਧੀ ਗੱਲਬਾਤ ਕਰਨ ਲਈ ਹਦਾਇਤ ਕਰਦੇ ਹਾਂ।''

ਜੁਲਾਈ 10 ਮੁਸਾਫਰਾਂ ਦੇ ਦੇਸ਼ ਨਿਕਾਲੇ ਦੇ ਪੇਪਰ ਤਿਆਰ ਕਰ ਦਿੱਤੇ ਗਏ।

ਜੁਲਾਈ 17 ਸੁਮਾਸ ਬਾਰਡਰ ਉੱਤੇ ਪੁਲਿਸ ਨੇ ਮੇਵਾ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਉਸ ਕੋਲ 2 ਆਟੋਮੈਟਿਕ ਪਸਤੌਲ ਅਤੇ 300 ਰਾਉਂਦ ਬਰਾਮਦ ਹੋਏ। ਅਮਰੀਕਾ ਵਾਲੇ ਪਾਸੇ ਬਲਵੰਤ ਸਿੰਘ, ਭਾਗ ਸਿੰਘ ਅਤੇ ਹਰਨਾਮ ਸਿੰਘ ਵੀ ਗ੍ਰਿਫਤਾਰ ਕੀਤੇ ਗਏ। ਉਨ੍ਹਾਂ ਕੋਲੋਂ ਵੀ ਪਸਤੌਲ ਅਤੇ ਅਸਲਾ ਬਰਾਮਦ ਹੋਇਆ।

ਸ਼ਿਪਿੰਗ ਏਜੰਟ ਗਾਰਡਨਰ ਜਾਹਨਸਨ ਨੇ ਜਹਾਜ਼ ਉੱਪਰ ਮੁਸਾਫਰਾਂ ਕੋਲ ਦੇਸ਼ ਨਿਕਾਲੇ ਦੇ ਪੇਪਰ ਪਹੁੰਚਾ ਦਿੱਤੇ। ਉਸ ਨੇ ਮੁਸਾਫਰਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਰਾਹ ਲਈ ਖਾਣਾ ਉਦੋਂ ਦਿੱਤਾ ਜਾਵੇਗਾ ਜਦੋਂ ਜਹਾਜ਼ ਪੰਜ ਕਿਲੋਮੀਟਰ ਬਾਹਰ ਚਲੇ ਜਾਵੇਗਾ। ਮੁਸਾਫਰਾਂ ਨੇ ਕਿਹਾ ਕਿ ਉਨ੍ਹਾਂ ਨੂੰ ਸਾਮਾਨ ਏਥੋਂ ਤੁਰਨ ਤੋਂ ਪਹਿਲਾਂ ਮਿਲਣਾ ਚਾਹੀਦਾ ਹੈ।

ਰੀਡ ਨੇ ਓਟਾਵਾ ਨੂੰ ਤਾਰ ਦਿੱਤੀ, ''ਜੇ ਕੋਈ ਅਣਚਿਤਵੀ ਘਟਨਾ ਨਾ ਵਾਪਰੀ ਤਾਂ ਜਹਾਜ਼ ਅੱਜ ਦੁਪਹਿਰ ਤੋਂ ਬਾਅਦ ਚਲੇ ਜਾਵੇਗਾ।'' ਪਰ ਜਹਾਜ਼ ਨਾ ਗਿਆ।

ਜੁਲਾਈ 18 ਰੀਡ ਅਤੇ ਕੰਪਨੀ ਨੇ ਕਾਮਾਗਾਟਾ ਮਾਰੂ ਨੂੰ ਕੈਨੇਡੀਅਨ ਪਾਣੀਆਂ ਵਿਚੋਂ ਬਾਹਰ ਕੱਢਣ ਲਈ ਤਾਕਤ ਵਰਤਣ ਦਾ ਫੈਸਲਾ ਕੀਤਾ।

ਜੁਲਾਈ 19 18 ਜੁਲਾਈ ਅੱਧੀ ਰਾਤ ਤੋਂ ਬਾਅਦ ਸਵਾ ਇਕ ਵਜੇ, ਪੁਲਿਸ ਅਤੇ ਇਮੀਗਰੇਸ਼ਨ ਦੇ 160 ਆਦਮੀਆਂ ਸਮੇਤ 'ਸਮੁੰਦਰੀ ਸ਼ੇਰ' (ਸੀਅ ਲਾਇਨ) ਨਾਂ ਦਾ ਜਹਾਜ਼ ਘਾਟ ਤੋਂ ਕਾਮਾਗਾਟਾ ਮਾਰੂ ਵੱਲ ਰਵਾਨਾ ਹੋਇਆ। 'ਸਮੁੰਦਰੀ ਸ਼ੇਰ' ਨੂੰ ਕੁੰਡੇ ਨਾਲ ਕਾਮਾਗਾਟਾ ਮਾਰੂ ਨਾਲ ਬੰਨ ਦਿੱਤਾ ਗਿਆ। ਮੁਸਾਫਰਾਂ ਨੇ ਕੁੰਡੇ ਨੂੰ ਹਟਾਉਣ ਦਾ ਯਤਨ ਕੀਤਾ। ਪੁਲਿਸ ਨੇ ਦਬਾਅ ਵਾਲੀ ਪਾਇਪ (ਪ੍ਰੈਸ਼ਰ ਹੋਜ਼) ਨਾਲ ਉਨ੍ਹਾਂ ਉੱਪਰ ਪਾਣੀ ਸੁੱਟਣਾ ਸ਼ੁਰੂ ਕਰ ਦਿੱਤਾ। ਮੁਸਾਫਰਾਂ ਨੇ ਇਸਦਾ ਕੋਲੇ, ਇੱਟਾਂ, ਲੋਹੇ ਦੇ ਟੁਕੜਿਆਂ ਨਾਲ ਜੁਆਬ ਦਿੱਤਾ। 'ਸਮੁੰਦਰੀ ਸ਼ੇਰ' ਨੂੰ ਹਾਰ ਕੇ ਪਿੱਛੇ ਮੁੜਨਾ ਪਿਆ।

ਤੜਕੇ 2 ਵਜੇ ਮੈਂਬਰ ਪਾਰਲੀਮੈਂਟ ਸਟੀਵਨਜ ਨੇ ਪ੍ਰਧਾਨ ਮੰਤਰੀ ਨੂੰ ਤਾਰ ਦਿੱਤੀ, ''ਜਹਾਜ਼ ਵਿਚ ਹਿੰਦੂ ਪੂਰੀ ਤਰ੍ਹਾਂ ਇਨਕਲਾਬੀ ਰੌਂਅ ਵਿਚ ਅਤੇ ਕਾਨੂੰਨ ਨਾ ਮੰਨਣ ਲਈ ਦ੍ਰਿੜ ਹਨ। ਸਖਤ ਕਦਮ ਚੁੱਕਣੇ ਨਿਹਾਇਤ ਜ਼ਰੂਰੀ ਹਨ। ਬੇਨਤੀ ਹੈ ਕਿ ਰੇਨਬੋ ਜਾਂ ਨੇਵੀ ਦਾ ਕੋਈ ਹੋਰ ਜਹਾਜ਼ ਹਾਲਤ ਨਾਲ ਨਜਿੱਠਣ ਲਈ ਭੇਜਿਆ ਜਾਵੇ।

ਪ੍ਰਧਾਨ ਮੰਤਰੀ ਨੇ ਰੇਨਬੋ ਭੇਜਣ ਦਾ ਫੈਸਲਾ ਕਰ ਲਿਆ। ਇਸਦੇ ਨਾਲ ਹੀ ਉਸ ਨੇ ਖੇਤੀਬਾੜੀ ਦੇ ਮੰਤਰੀ ਮਾਰਟਿਨ ਬੁਰਲ ਨੂੰ ਉਕਾਨਾਗਨ ਤੋਂ ਵੈਨਕੂਵਰ ਪਹੁੰਚਣ ਅਤੇ ਹਾਲਤ ਵਿਚ ਦਖਲ ਦੇਣ ਦਾ ਆਦੇਸ਼ ਦਿੱਤਾ।

ਜੁਲਾਈ 20 ਹਾਪਕਿਨਸਨ ਨੇ ਕਾਮਾਗਾਟਾ ਮਾਰੂ 'ਤੇ ਜਾ ਕੇ ਮੁਸਾਫਰਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਉਦੋਂ ਤੱਕ ਕੋਈ ਸਾਮਾਨ ਨਹੀਂ ਮਿਲੇਗਾ ਜਦੋਂ ਤੱਕ ਉਨ੍ਹਾਂ ਦਾ ਦਿਮਾਗ ਟਿਕਾਣੇ ਨਹੀਂ ਆਉਂਦਾ।

ਰੀਡ ਨੇ ਰਹੀਮ ਨੂੰ ਜਹਾਜ਼ ਦੇ ਜਾਣ ਵਿਚ ਸਹਿਮਤੀ ਪਰਗਟ ਕਰਨ ਲਈ ਇਕ ਖੱਤ ਦਸਤਖਤ ਕਰਨ ਲਈ ਭੇਜਿਆ। ਰਹੀਮ ਨੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ।

ਜੁਲਾਈ 21 ਸਵੇਰੇ ਸੱਤ ਵਜੇ ਫੌਜ ਦੇ 204 ਜਵਾਨ ਘਾਟ ਉੱਪਰ ਆ ਪਹੁੰਚੇ। ਸਵਾ ਅੱਠ ਵਜੇ ਰੇਨਬੋ ਆ ਪਹੁੰਚਾ ਅਤੇ ਉਸ ਨੇ ਕਾਮਾਗਾਟਾ ਮਾਰੂ ਤੋਂ ਕੁਝ ਸੌ ਗਜਾਂ ਦੀ ਵਿੱਥ ਉੱਪਰ ਲੰਗਰ ਸੁੱਟ ਦਿੱਤਾ। ਦੱਸ ਕੁ ਵਜੇ ਉਸਦੀਂ ਤੋਪਾਂ ਨੰਗੀਆਂ ਕਰ ਦਿੱਤੀਆਂ ਗਈਆਂ। ਇਸ ਸਮੇਂ ਤੱਕ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਤਮਾਸ਼ਾ ਦੇਖਣ ਲਈ ਇਕੱਠੇ ਹੋ ਚੁੱਕੇ ਸਨ।

ਸ਼ਾਮ ਦੇ 5 ਵਜੇ ਸਮਝੌਤਾ ਹੋ ਗਿਆ। ਮਾਰਟਿਨ ਬੁਰਲ ਨੇ ਜਾਣ ਤੋਂ ਪਹਿਲਾਂ ਖਾਣਾ ਦੇਣਾ ਮੰਨ ਲਿਆ। ਬਦਲੇ ਵਿਚ ਮੁਸਾਫਰਾਂ ਨੇ ਵਾਪਿਸ ਜਾਣਾ ਮੰਨ ਲਿਆ।

ਜੁਲਾਈ 22 ਸਾਮਾਨ ਲੱਦ ਹੁੰਦਾ ਰਿਹਾ। ਰਹੀਮ ਅਤੇ ਮਿੱਤ ਸਿੰਘ ਮੁਸਾਫਰਾਂ ਨੂੰ ਮਿਲਣ ਲਈ ਇਮੀਗਰੇਸ਼ਨ ਦੀ ਬੇੜੀ ਵਿਚ ਗਏ। ਜਹਾਜ਼ ਦੇ ਨੇੜੇ ਦਾ ਜਾ ਉਹ ਉਸ ਉੱਪਰ ਚੜ੍ਹ ਗਏ।

ਜੁਲਾਈ 23 ਸਵੇਰ 4 ਵਜੇ ਸਥਾਨਕ ਹਿੰਦੁਸਤਾਨੀਆਂ ਦੀ ਕਮੇਟੀ ਦੇ ਮੈਂਬਰਾਂ ਨੂੰ ਜਹਾਜ਼ ਤੋਂ ਹੇਠਾਂ ਲਿਆਂਦਾ ਗਿਆ। ਪੰਜ ਵੱਜ ਕੇ ਦਸ ਮਿੰਟ ਉੱਪਰ ਕਾਮਾਗਾਟਾ ਮਾਰੂ ਵਾਪਿਸ ਜਾਣ ਲਈ ਚੱਲ ਪਿਆ। ਰੇਨਬੋ ਅਤੇ 'ਸਮੁੰਦਰੀ ਸ਼ੇਰ' ਨੇ ਉਸਦਾ ਪਿੱਛਾ ਕੀਤਾ।

ਸਤੰਬਰ 29 ਸਵੇਰੇ 11 ਵਜੇ ਦੇ ਕਰੀਬ ਕਾਮਾਗਾਟਾ ਮਾਰੂ ਕਲਕੱਤੇ ਤੋਂ 27 ਕਿਲੋਮੀਟਰ ਦੂਰ ਬੱਜ ਬੱਜ ਨਾਂ ਦੇ ਕਸਬੇ ਵਿਚ ਪਹੁੰਚ ਗਿਆ।

ਪੁਲਿਸ ਨਾਲ ਝੜਪ ਦੌਰਾਨ 19 ਮੁਸਾਫਰ ਮਾਰੇ ਗਏ ਅਤੇ 23 ਹਸਪਤਾਲ ਲਿਜਾਏ ਗਏ।

ਗੁਰਦਿੱਤ ਸਿੰਘ ਸਣੇ ਕਈ ਹੋਰ ਮੁਸਾਫਰ ਬਚ ਨਿਕਲਣ ਵਿਚ ਕਾਮਯਾਬ ਹੋ ਗਏ। ਅਗਲੇ ਕੁਝ ਦਿਨ ਬੱਜ ਬੱਜ ਅਤੇ ਆਲੇ ਦੁਆਲੇ ਦੇ ਪਿੰਡਾਂ ਵਿਚ ਪੁਲਿਸ ਬੱਚ ਨਿਕਲਣ ਵਾਲੇ ਮੁਸਾਫਰਾਂ ਦੀ ਬੜੀ ਸਰਗਰਮੀ ਨਾਲ ਤਲਾਸ਼ ਕਰਦੀ ਰਹੀ।

ਅਕਤੂਬਰ 11 ਹੁਣ ਤੱਕ 201 ਮੁਸਾਫਰ ਫੜੇ ਗਏ ਸਨ। ਮਹੀਨੇ ਦੇ ਅਖੀਰ ਤੱਕ 29 ਤੋਂ ਬਿਨਾਂ (ਜਿਨ੍ਹਾਂ ਵਿਚ ਗੁਰਦਿੱਤ ਸਿੰਘ ਵੀ ਸ਼ਾਮਲ ਸੀ) ਸਭ ਮੁਸਾਫਰਾਂ ਬਾਰੇ ਪਤਾ ਲੱਗ ਚੁੱਕਾ ਸੀ। 321 ਮੁਸਾਫਰਾਂ ਵਿਚੋਂ 62 ਚੁੱਪਚਾਪ ਪੰਜਾਬ ਨੂੰ ਚਲੇ ਗਏ ਸਨ, 18 ਮਾਰੇ ਗਏ ਸਨ, ਇਕ ਡੁੱਬਿਆ ਲੱਭਾ ਸੀ, 9 ਹਸਪਤਾਲ ਵਿਚ ਸਨ ਅਤੇ 202 ਇੰਗਰੈਸ ਆਰਡੀਨੈਂਸ ਹੇਠਾਂ ਜੇਲ੍ਹਾਂ ਵਿਚ ਬੰਦ ਕਰ ਦਿੱਤੇ ਸਨ।

ਅਕਤੂਬਰ 21 ਵੈਨਕੂਵਰ ਦੀਆਂ ਕਚਿਹਰੀਆਂ ਵਿਚ ਮੇਵਾ ਸਿੰਘ ਨੇ ਹਾਪਕਿਨਸਨ ਦੇ ਗੋਲੀ ਮਾਰ ਦਿੱਤੀ। ਹਾਪਕਿਨਸਨ ਉਥੇ ਬੇਲਾ ਸਿੰਘ ਦੇ ਮੁਕੱਦਮੇ ਵਿਚ ਸਫਾਈ ਦੀ ਗਵਾਹੀ ਦੇਣ ਆਇਆ ਸੀ।

ਅਕਤੂਬਰ 31 ਅਦਾਲਤ ਵਿਚ ਮੇਵਾ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ।

ਨਵੰਬਰ 19 ਨਿਊ ਵੈਸਟਮਿਨਸਟਰ ਜੇਲ੍ਹ ਵਿਚ ਮੇਵਾ ਸਿੰਘ ਨੂੰ ਫਾਂਸੀ ਲਾ ਦਿੱਤੀ ਗਈ।●

(ਕਾਮਾਗਾਟਾ ਮਾਰੂ ਘਟਨਾ ਨਾਲ ਸੰਬੰਧਤ ਇਹ ਵੇਰਵਾ ਪਹਿਲੀ ਵਾਰ ਵਤਨ ਦੇ ਪਹਿਲੇ ਅੰਕ (ਜੁਲਾਈ/ਅਗਸਤ/ਸਤੰਬਰ 1989) ਵਿੱਚ ਛਪਿਆ ਸੀ। ਵਤਨ ਦਾ ਇਹ ਅੰਕ ਕਾਮਾਗਾਟਾਮਾਰੂ ਘਟਨਾ ਦੀ 75ਵੀਂ ਵਰ੍ਹੇਗਢ ਸਮੇਂ ਕਾਮਾਗਾਟਾ ਮਾਰੂ ਵਿਸ਼ੇਸ਼ ਅੰਕ ਵਜੋਂ ਪ੍ਰਕਾਸ਼ਿਤ ਕੀਤਾ ਗਿਆ ਸੀ।)